Grewal Sports Association

1st February 2018, Ludhiana

## ਪ੍ਰੈਸ ਨੋਟ

### 2 ਫਰਵਰੀ ਨੂੰ ਹੋਵੇਗਾ 82ਵੇਂ ਕਿਲਾ ਰਾਏਪੁਰ ਖੇਡ ਮੇਲੇ ਦਾ ਆਯੋਜਨ

### ਅੰਤਰਰਾਸ਼ਟਰੀ ਖੇਡਾਂ ਲਈ ਸਾਰੀਆਂ ਤਿਆਰੀਆਂ ਮੁਕੰਮਲ

82ਵੇਂ ਕਿਲਾ ਰਾਏਪੁਰ ਖੇਡ ਮੇਲੇ ਦਾ ਆਯੋਜਨ 2 ਫਰਵਰੀ ਨੂੰ ਲੁਧਿਆਣਾ ਦੇ ਨੇੜੇ ਪਿੰਡ ਕਿਲਾ ਰਾਏਪੁਰ ਦੇ ਗਰੇਵਾਲ ਸਪੋਰਟਸ ਸਟੇਡੀਅਮ ਵਿਚ ਧੂਮਧਾਮ ਨਾਲ ਹੋਵੇਗਾ। ਇਸ ਸਾਲ ਇਨ੍ਹਾਂ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਖੇਡਾਂ ’ਚ ਐਥਲੈਟਿਕਸ ਨਾਲ ਜੁੜੀਆਂ ਪੁਰਾਤਨ ਪ੍ਰਤੀਯੋਗਤਾਵਾਂ ਦੇ ਪ੍ਰਦਰਸ਼ਨਾਂ ਤੋਂ ਇਲਾਵਾ ਹੋਰ ਐਕਸ਼ਨ ਜੋੜਿਆ ਗਿਆ ਹੈ।

ਇਸ ਲੜੀ ਹੇਠ 82ਵੇਂ ਕਿਲਾ ਰਾਏਪੁਰ ਖੇਡ ਮੇਲੇ ਦਾ ਪ੍ਰਬੰਧ ਕਰ ਰਹੀ ਆਯੋਜਨ ਕਮੇਟੀ ਜਿਨ੍ਹਾਂ ’ਚ ਮੁੱਖ ਪ੍ਰਬੰਧਕ ਪ੍ਰਧਾਨ ਸ ਗੁਰਸਨਦੀਪ ਸਿੰਘ ਗਰੇਵਾਲ, ਚੀਫ ਆਰਗਨਾਜ਼ੀਰ ਸੁਖਵੀਰ ਸਿੰਘ ਗਰੇਵਾਲ, ਸਕੱਤਰ ਸ. ਬਲਵਿੰਦਰ ਸਿੰਘ ਜੱਗਾ ਸ਼ਾਮਲ ਹਨ, ਹਮੇਸ਼ਾ ਹੀ ਹਰੇਕ ਖੇਡ ਦਾ ਬਹੁਤ ਅਨੁਸ਼ਾਸਨਾਤਮਕ ਢੰਗ ਨਾਲ ਆਯੋਜਨ ਕਰਦੀ ਹੈ। ਹਰ ਸਾਲ ਹੋਰਨਾਂ ਦਾ ਸਹਿਯੋਗ ਲੈਂਦੇ ਹੋਏ, ਆਪਣੇ ਧੰਨ-ਬੱਲ ਨੂੰ ਝੋਕ ਕੇ ਕਮੇਟੀ ਦੇ ਮੈਂਬਰ ਖੇਡਾਂ ਦੀ ਸਫਲਤਾ ਨੂੰ ਸੁਨਿਸ਼ਚਿਤ ਕਰਦੇ ਹਨ।

ਖੇਡ ਕਮੇਟੀ ਦੇ ਪ੍ਰਧਾਨ ਸ ਗੁਰਸਨਦੀਪ ਸਿੰਘ ਗਰੇਵਾਲ ਨੇ ਕਿਹਾ, ਇਹ ਪ੍ਰਤੀਯੋਗਤਾ ਪੰਜਾਬੀ ਸਾਲ ਦੀਆਂ ਖਾਸੀਅਤਾਂ ’ਚੋਂ ਇਕ ਹੈ। ਇਹ ਹਾਕੀ, ਕਬੱਡੀ ਤੇ ਦੌੜ ਤੋਂ ਲੈ ਕੇ ਟਰੈਕਟਰ ਰੇਸਿੰਗ ਵਰਗੇ ਪੇਂਡੂ ਗੁਣਾਂ ਨਾਲ ਭਰਪੂਰ ਪ੍ਰਮੁੱਖ ਖੇਡਾਂ ਆਯੋਜਨ ਹਨ। ਉਥੇ ਹੀ ਜੇਕਰ ਇਸਦੀ ਤੁਲਨਾ ਸ਼ਹਿਰੀ ਆਯੋਜਨਾ ਨਾਲ ਕਰੀਏ ਤਾਂ ਕਿਲਾ ਰਾਏਪੁਰ ਖੇਡਾਂ ਦਾ ਕਦ ਬਹੁਤ ਵੱਡਾ ਨਜ਼ਰ ਆਉਂਦਾ ਹੈ।

ਸੈਕਟਰੀ ਬਲਵਿੰਦਰ ਸਿੰਘ ਨੇ ਪੰਜਾਬ ਨੂੰ ਵਿਲੱਖਣਤਾ ਪ੍ਰਦਾਨ ਕਰਨ ਵਾਲੀਆਂ ਕਿਲਾ ਰਾਏਪੁਰ ਖੇਡਾਂ ਦੇ ਸਬੰਧ ’ਚ ਕਿਹਾ ਭਾਰਤ ’ਚ ਤੁਹਾਨੂੰ ਅਜਿਹੀਆਂ ਖੇਡਾਂ ਹੋਰ ਕਿਤੇ ਨਹੀਂ ਮਿਲਣਗੀਆਂ। ਇਨ੍ਹਾਂ ਖੇਡਾਂ ਦੀ ਆਤਮਾ ਪੂਰੀ ਤਰ੍ਹਾਂ ਨਾਲ ਪੰਜਾਬੀ ਹੈ। ਹਰ ਪਾਸੇ ਦੇ ਪਿੰਡਾਂ ਦੇ ਚਾਹਵਾਨ ਇਸ ’ਚ ਹਿੱਸਾ ਲੈਣ ਆਉਂਦੇ ਹਨ, ਜਿਨ੍ਹਾਂ ’ਚ ਗੰਭੀਰ ਮੁਕਾਬਲਾ ਦੇਖਣ ਨੂੰ ਮਿਲਦਾ ਹੈ। ਉਨ੍ਹਾਂ ਨੇ ਕਿਹਾ, ਖੇਡਾਂ ’ਚ ਉਤਸ਼ਾਹ ਨੂੰ ਵਧਾਉਣ ਲਈ ਇਹ ਇਕ ਮਹੱਤਵਪੂਰਨ ਸਥਾਨਕ ਆਯੋਜਨ ਦੀ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਕਈ ਅਜਿਹੇ ਰਨਰ ਵੀ ਹਨ ਜਿਹੜੇ ਕੌਮੀ ਪੱਥਰ ’ਤੇ ਹਿੱਸਾ ਲੈਂਦੇ ਹਨ, ਮਗਰ ਘਰੇਲੂ ਮੈਦਾਨ ’ਤੇ ਅਜਿਹੀ ਉਤਸ਼ਾਹਿਤ ਭੀੜ ਦੇ ਸਾਹਮਣੇ ਮੁਕਾਬਲਾ ਕਰਕੇ ਬਹੁਤ ਖੁਸ਼ੀ ਪ੍ਰਾਪਤ ਕਰਦੇ ਹਨ।ਇੰਨਾਂ ਤੋਂ ਇਲਾਵਾ ਇਸ ਵਾਰ ਟਰੈਕਟਰ ਤਵੀਆਂ ਦੇ ਮੁਕਾਬਲੇ ਅਤੇ ਨੈਸ਼ਨਲ ਸਟਾਇਲ ਕਬੱਡੀ ਵੀ ਕਰਾਈ ਜਾਵੇਗੀ ।

ਇਨ੍ਹਾਂ ਖੇਡਾਂ ਨੂੰ ਬਹੁਤ ਜ਼ਿਆਦਾ ਸਮਰਥਨ ਮਿਲਦਾ ਹੈ ਤੇ ਹਜ਼ਾਰਾਂ ਦੀ ਗਿਣਤੀ ’ਚ ਲੋਕ ਇਨ੍ਹਾਂ ’ਚ ਹਿੱਸਾ ਲੈਣ ਆਉਂਦੇ ਹਨ। ਇਹ ਵਿਦੇਸ਼ੀ ਟੂਰਿਸਟਾਂ ਨੂੰ ਪੰਜਾਬ ਵੱਲ ਖਿੱਚਣ ਵਾਲੇ ਪ੍ਰਮੁੱਖ ਆਯੋਜਨਾਂ ’ਚੋਂ ਇਕ ਹੈ। ਹਜ਼ਾਰਾਂ ਦੀ ਭੀੜ ’ਚ ਅਥਲੀਟਾਂ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਖੇਡਾਂ ਦੀ ਸਮਾਪਤੀ ਹੋਣ ਉਪਰੰਤ ਹੋਣ ਵਾਲੇ ਸਭਿਆਚਾਰਕ ਪ੍ਰੋਗਰਾਮਾਂ ਦਾ ਅਨੰਦ ਮਾਣਨ ਲਈ ਦੇਰ ਸ਼ਾਮ ਤੱਕ ਰੁਕਦੀ ਹੈ। ਲੰਬੇ ਸਮੇਂ ਤੋਂ ਖੇਡਾਂ ਦੇ ਮੁੱਖ ਪ੍ਰਬੰਧਕ ਤੇ ਹਾਕੀ ਓਲੰਪਿਅਨ ਸੁਖਵੀਰ ਗਰੇਵਾਲ ਨੇ ਕਿਹਾ, ਹਰ ਸਾਲ ਇਨ੍ਹਾਂ ਖੇਡਾਂ ਨੂੰ ਲੈ ਕੇ ਉਤਸ਼ਾਹ ਵੱਧ ਜਾਂਦਾ ਹੈ। ਬੀਤੇ ਸਾਲਾਂ ਦੌਰਾਨ ਇਸ ’ਚ ਸ਼ਾਨਦਾਰ ਵਾਧਾ ਦੇਖਿਆ ਗਿਆ ਹੈ। ਸਾਨੂੰ ਸਪਾਂਸਰਜ ਵਲੋਂ ਬਹੁਤ ਉਤਸ਼ਾਹ ਮਿਲ ਰਿਹਾ ਹੈ। ਜੋ ਆਪਣੇ ਬ੍ਰਾਂਡਾਂ ਨੂੰ ਵਿਆਪਕ ਪੱਧਰ ’ਤੇ ਪੇਂਡੂ ਦਰਸ਼ਕਾਂ ਤੱਕ ਪਹੁੰਚਾਉਣ ਲਈ ਖੇਡਾਂ ਦੇ ਮਹੱਤਵ ਨੂੰ ਸਮਝ ਗਏ ਹਨ। ਉਨ੍ਹਾਂ ਨੇ ਕਿਹਾ, ਇਨ੍ਹਾਂ ਸਾਲਾਂ ’ਚ ਖੇਡਾਂ ਦੇ ਸਟੈਂਡਰਡ ’ਚ ਵਾਧਾ ਹੋਇਆ ਹੈ। ਮਗਰ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੀਆਂ ਇਨ੍ਹਾਂ ਖੇਡਾਂ ਪ੍ਰਤੀ ਉਤਸ਼ਾਹ ਹਾਲੇ ਵੀ ਓਹੀ ਹੈ, ਜਿਹੜਾ ਪੂਰੀ ਤਰ੍ਹਾਂ ਨਾਲ ਪੰਜਾਬੀ ਹੈ।

ਇਸ ਤੋਂ ਇਲਾਵਾ ਤਿੰਨੇ ਦਿਨ ਰਾਤ ਨੂੰ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ ਜਿਸ ਵਿਚ ਗਾਇਕ ਹਰਬੰਸ ਸਹੋਤਾ ਜੌੜੀ , ਗੀਤਾ ਜ਼ੈਲਦਾਰ,ਅਮਰਿੰਦਰ ਬੋਬੀ, ਜਤਿੰਦਰ ਡੇਹਲੋਂ, ਅੰਗਰੇਜ਼ ਅਲੀ ਅਤੇ ਨਾਮਵਰ ਗਾਇਕ ਸ਼ਿਰਕਤ ਕਰਨਗੇ।

| Title Sponsor | Co-Sponsor | Social Media partner | Tourism Partner |
|---|---|---|---|
| MRF | MARUTI SUZUKI Way of Life! | ਸ਼ੇਅਰਚੈਟ | |